**ਧੰਨਾ ॥ ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥** {ਪੰਨਾ 695}

ਪਦਅਰਥ:- ਆਰਤਾ—ਲੋੜਵੰਦਾ, ਦੁਖੀਆ, ਮੰਗਤਾ {**ਸ਼ਕਟ. ਆਤਸ਼**}।1। ਰਹਾਉ।

ਸੀਧਾ—ਆਟਾ। ਮਾਗਉ—ਮੰਗਦਾ ਹਾਂ। ਜੀਉ—ਜਿੰਦ, ਮਨ। ਪਨ੍ਹੀਆ—ਜੁੱਤੀ {**ਸ਼ਕਟ. ਓਪਾਨਹੱ** }। ਛਾਦਨੁ—ਕਪੜਾ। ਨੀਕਾ—ਸੋਹਣਾ। ਸਤ ਸੀ ਕਾ ਅਨਾਜ—ਸੱਤ ਸੀਆਂ ਵਾਲਾ ਅੰਨ, ਉਹ ਅੰਨ ਜੋ ਪੈਲੀ ਨੂੰ ਸੱਤ ਵਾਰੀ ਵਾਹ ਕੇ ਪੈਦਾ ਕੀਤਾ ਹੋਵੇ।1।

ਲਾਵੇਰੀ—ਦੁੱਧ ਦੇਣ ਵਾਲੀ। ਤਾਜਨਿ ਤੁਰੀ—ਅਰਬੀ ਘੋੜੀ। ਗੀਹਨਿ—{**ਸ਼ਕਟ. ਗãਹਿਨੀ**} ਇਸਤ੍ਰੀ। ਮੰਗੀ—ਮੰਗਿ, ਮੰਗ ਕੇ।2।

ਅਰਥ:- ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ! ਮੈਂ ਤੇਰੇ ਦਰ ਦਾ ਮੰਗਤਾ ਹਾਂ (ਮੇਰੀਆਂ ਲੋੜਾਂ ਪੂਰੀਆਂ ਕਰ); ਜੋ ਜੋ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਹਨਾਂ ਦੇ ਕੰਮ ਸਿਰੇ ਚਾੜ੍ਹਦਾ ਹੈਂ।1। ਰਹਾਉ।

ਮੈਂ (ਤੇਰੇ ਦਰ ਤੋਂ) ਦਾਲ, ਆਟਾ ਤੇ ਘਿਉ ਮੰਗਦਾ ਹਾਂ, ਜੋ ਮੇਰੀ ਜਿੰਦ ਨੂੰ ਨਿੱਤ ਸੁਖੀ ਰੱਖੇ, ਜੁੱਤੀ ਤੇ ਸੋਹਣਾ ਕੱਪੜਾ ਭੀ ਮੰਗਦਾ ਹਾਂ, ਤੇ ਸੱਤਾਂ ਸੀਆਂ ਦਾ ਅੰਨ ਭੀ (ਤੈਥੋਂ ਹੀ) ਮੰਗਦਾ ਹਾਂ।1।

ਹੇ ਗੋਪਾਲ! ਮੈਂ ਗਾਂ ਮਹਿੰ ਲਵੇਰੀ (ਭੀ) ਮੰਗਦਾ ਹਾਂ, ਤੇ ਇਕ ਚੰਗੀ ਅਰਬੀ ਘੋੜੀ ਭੀ ਚਾਹੀਦੀ ਹੈ। ਮੈਂ ਤੇਰਾ ਦਾਸ ਧੰਨਾ ਤੈਥੋਂ ਮੰਗ ਕੇ ਘਰ ਦੀ ਚੰਗੀ ਇਸਤ੍ਰੀ ਭੀ ਲੈਂਦਾ ਹਾਂ।2।1।

ਨੋਟ:- ਸੰਸਕ੍ਰਿਤ ਲਫ਼ਜ਼ 'ਆਰਤ' {**ਆਤਸ਼**} ਦਾ ਅਰਥ ਹੈ 'ਦੁਖੀਆ, ਲੋੜਵੰਦ'। 'ਰਹਾਉ' ਦੀ ਤੁਕ ਅਤੇ ਬਾਕੀ ਦੇ ਸਾਰੇ ਸ਼ਬਦ ਨੂੰ ਗਹੁ ਨਾਲ ਪੜ੍ਹਿਆਂ ਭੀ ਇਹੀ ਗੱਲ ਸਿੱਧ ਹੁੰਦੀ ਹੈ ਕਿ ਪ੍ਰਭੂ ਦੇ ਦਰ ਤੋਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਹੀ ਮੰਗ ਰਹੇ ਹਨ। ਲਫ਼ਜ਼ "ਗੋਪਾਲ"—ਵਿਚ ਭੀ ਇਹੀ ਇਸ਼ਾਰਾ ਮਿਲਦਾ ਹੈ (ਭਾਵ, ਧਰਤੀ ਨੂੰ ਪਾਲਣ ਵਾਲਾ)।

ਪਰ ਚੂੰਕਿ ਲਫ਼ਜ਼ 'ਆਰਤੀ' ਨਾਲ ਲਫ਼ਜ਼ 'ਆਰਤਾ' ਮਿਲਦਾ ਜੁਲਦਾ ਹੈ, ਇਸ ਵਾਸਤੇ ਇਸ ਸ਼ਬਦ ਨੂੰ ਭੀ 'ਆਰਤੀ' ਵਾਲੇ ਸ਼ਬਦਾਂ ਦੇ ਨਾਲ ਹੀ ਧਨਾਸਰੀ ਰਾਗ ਵਿਚ ਦਰਜ ਕੀਤਾ ਗਿਆ ਹੈ, ਉਂਞ 'ਆਰਤੀ' ਬਾਰੇ ਇਸ ਵਿਚ ਕੋਈ ਜ਼ਿਕਰ ਨਹੀਂ ਹੈ, ਕਿਉਂਕਿ 'ਆਰਤੀ' ਵਿਚ ਫੁੱਲ, ਦੀਵੇ ਆਦਿਕ ਦਾ

ਹੋਣਾ ਜ਼ਰੂਰੀ ਹੈ।

ਨੋਟ:- ਭਗਤ-ਬਾਣੀ ਨੂੰ ਗੁਰਮਤਿ ਦੇ ਵਿਰੁੱਧ ਸਮਝਣ ਵਾਲਾ ਵੀਰ ਭਗਤ ਧੰਨਾ ਜੀ ਬਾਰੇ ਇਉਂ ਲਿਖਦਾ ਹੈ—"ਭਗਤ ਧੰਨਾ ਜੀ ਦੇ ਪਿਤਾ ਦਾ ਨਾਮ ਮਾਹੀ ਸੀ। ਇਹਨਾਂ ਦਾ ਵਤਨ ਇਲਾਕਾ ਮਾਰਵਾੜ ਸੀ। ਆਪ ਮਮੂਲੀ ਜ਼ਿਮੀਦਾਰ ਸਨ। ਕਿਸੇ ਬ੍ਰਾਹਮਣ ਪਾਸੋਂ ਸਾਲਗਰਾਮ ਲੈ ਕੇ ਪੂਜਾ ਕਰਨ ਲੱਗਾ। ਜਦੋਂ ਕੁਝ ਫਲ ਪਰਾਪਤ ਨਾਹ ਹੋਇਆ, ਅੰਤ ਉਸੀ ਬ੍ਰਾਹਮਣ ਨੂੰ ਜਾ ਕੇ ਸਾਲਗਰਾਮ ਮੋੜ ਦਿੱਤਾ। ਕਹਿਣ ਲੱਗਾ ਕਿ ਸਾਲਗਰਾਮ ਮੇਰੇ ਨਾਲ ਗੁੱਸੇ ਹੈ, ਮੇਰੀ ਰੋਟੀ ਨਹੀਂ ਖਾਂਦਾ। ਬ੍ਰਾਹਮਣ ਨੇ ਅਸਲ ਗੱਲ ਦੱਸੀ ਕਿ ਭਾਈ! ਇਹ ਤਾਂ ਪੱਥਰ ਹੈ, ਇਹ ਖਾਂਦਾ ਪੀਂਦਾ ਕੁਝ ਨਹੀਂ, ਰੱਬ ਤਾਂ ਹੋਰ ਹੈ।

"ਇਸ ਗੱਲ ਦਾ ਅਸਰ ਧੰਨਾ ਜੀ ਦੇ ਦਿਲ ਉੱਤੇ ਕਾਫ਼ੀ ਹੋਇਆ। ਆਖ਼ਰ ਆਪ ਰਾਮਾਨੰਦ ਜੀ ਦੀ ਮੰਡਲੀ ਨਾਲ ਰਲ ਗਏ। ਇਹਨਾਂ ਦੇ ਸੰਬੰਧ ਦੇ ਵਿਚ ਕਈ ਅਣਬਣ ਜਿਹੀਆਂ ਕਥਾਵਾਂ ਹਨ ਕਿ ਆਪ ਰੱਬ ਨਾਲ ਗੱਲਾਂ ਕੀਤਾ ਕਰਦੇ ਸੀ, ਤੇ ਉਸ ਪਾਸੋਂ ਪਸ਼ੂ ਚਰਾਉਂਦੇ। "

ਇਸ ਸ਼ਬਦ ਬਾਰੇ ਵਿਰੋਧੀ ਸੱਜਣ ਜੀ ਲਿਖਦੇ ਹਨ:- ਉਕਤ ਸ਼ਬਦ ਅੰਦਰ ਭਗਤ ਜੀ ਨੇ ਆਪਣੇ ਗੁਰੂ ਤੋਂ ਗਊ, ਇਸਤ੍ਰੀ, ਘੋੜੀ ਆਦਿ ਮੰਗਾਂ ਮੰਗੀਆਂ ਹਨ। ਇਸ ਕਿਸਮ ਦਾ ਇਕ ਸ਼ਬਦ ਕਬੀਰ ਜੀ ਨੇ ਭੀ ਲਿਖਿਆ ਹੈ। ਇਹ ਸ਼ਬਦ ਉਸੀ ਦਾ ਅਨੁਵਾਦ ਰੂਪ ਹੈ, ਪਰ ਇਹ ਸਿੱਧਾਂਤ ਗੁਰਮਤ ਸਿੱਧਾਂਤ ਦੀ ਵਿਰੋਧਤਾ ਕਰਦਾ ਹੈ। ਸਤਿਗੁਰੂ ਸਾਹਿਬਾਨ ਦਾ ਸਿੱਧਾਂਤ ਇਹ ਹੈ:-

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ, ਕਾਹੇ ਮਨ ਭਉ ਕਰਿਆ ॥
ਕਾਹੇ ਰੇ ਮਨ ਚਿਤਵਹਿ ਉਦਮੁ, ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ {ਗੂਜਰੀ ਮ: 5

ਅਕਾਲ ਪੁਰਖ ਅਣਮੰਗਿਆਂ ਰੋਜ਼ੀ ਦਹਿੰਦ ਹੈ। ਪਰੰਤੂ ਉੱਦਮ ਦੇ ਸਾਧਨ ਕਰਨੇ ਮਾਨੁੱਖੀ ਪਰਮ ਧਰਮ ਹੈ।

ਪਰ ਜਿਸ ਸ਼ਬਦ ਦਾ ਹਵਾਲਾ ਵਿਰੋਧੀ ਸੱਜਣ ਜੀ ਨੇ ਦਿੱਤਾ ਹੈ, ਉਸ ਵਿਚ ਤਾਂ ਰੋਜ਼ੀ ਦੇ ਤੌਖ਼ਲੇ ਕਰਨ ਵੱਲੋਂ ਰੋਕਿਆ ਹੈ। ਇਹ ਤਾਂ ਕਿਤੇ ਭੀ ਨਹੀਂ ਕਿਹਾ ਗਿਆ ਕਿ ਪਰਮਾਤਮਾ ਦੇ ਦਰ ਤੋਂ ਮੰਗਣਾ ਕੁਝ ਭੀ ਨਹੀਂ। ਇਹ ਤਾਂ ਠੀਕ ਹੈ ਕਿ ਉਹ ਅਣ-ਮੰਗਿਆ ਦਾਨ ਦੇਂਦਾ ਹੈ। ਪਰ ਫਿਰ ਭੀ ਉਸ ਦੇ ਦਰ ਤੋਂ ਦੁਨੀਆਵੀ ਚੀਜ਼ਾਂ ਮੰਗਣ ਦੀ ਮਨਾਹੀ ਕਿਤੇ ਨਹੀਂ ਕੀਤੀ ਗਈ। ਸਗੋਂ ਅਨੇਕਾਂ ਐਸੇ ਸ਼ਬਦ ਮਿਲਦੇ ਹਨ, ਜਿਨ੍ਹਾਂ ਦੀ ਰਾਹੀਂ ਪਰਮਾਤਮਾ ਦੇ ਦਰ ਤੋਂ ਦੁਨੀਆਵੀ ਮੰਗਾਂ ਭੀ ਮੰਗੀਆਂ ਗਈਆਂ ਹਨ। ਹਾਂ,

ਇਹ ਹੁਕਮ ਕੀਤਾ ਗਿਆ ਹੈ ਕਿ ਦਾਤਾਰ ਪ੍ਰਭੂ ਤੋਂ ਬਿਨਾ ਕਿਸੇ ਹੋਰ ਦੇ ਦਰ ਤੋਂ ਨਾਹ ਮੰਗੋ।

"ਮਾਂਗਉ ਰਾਮ ਤੇ ਸਭਿ ਥੋਕ ॥
ਮਾਨੁਖ ਕਉ ਜਾਚਤ ਸ੍ਰਮੁ ਪਾਈਐ, ਪ੍ਰਭ ਕੈ ਸਿਮਰਨਿ ਮੋਖ ॥ਰਹਾਉ। 50॥" {ਧਨਾਸਰੀ ਮ: 5

"ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ, ਮੈ ਤੁਧੁ ਆਗੈ ਅਰਦਾਸਿ ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ, ਮੇਰਾ ਦੁਖੁ ਸੁਖੁ ਤੁਧ ਹੀ ਪਾਸਿ ॥2॥1॥12॥" {ਸੂਹੀ ਮ: 4

ਸਿੱਖ ਦੀ ਸਰਧਾ ਤਾਂ ਇਹ ਹੈ ਕਿ ਦੁਨੀਆ ਦਾ ਹਰੇਕ ਕਾਰ-ਵਿਹਾਰ ਸ਼ੁਰੂ ਕਰਨ ਲੱਗਿਆਂ ਉਸ ਦੀ ਸਫਲਤਾ ਵਾਸਤੇ ਪ੍ਰਭੂ-ਦਰ ਤੇ ਅਰਦਾਸਿ ਕਰਨੀ ਹੈ। ਸਿੱਖ ਵਿਦਿਆਰਥੀ ਇਮਤਿਹਾਨ ਦੇਣ ਜਾ ਰਿਹਾ ਹੈ, ਤੁਰਨ ਲੱਗਿਆਂ ਅਰਦਾਸਿ ਕਰੇ। ਸਿੱਖ ਸਫ਼ਰ ਵਿਚ ਚੱਲਿਆ ਹੈ, ਅਰਦਾਸਿ ਕਰ ਕੇ ਤੁਰੇ। ਸਿੱਖ ਆਪਣਾ ਰਿਹਾਇਸ਼ੀ ਮਕਾਨ ਬਣਵਾਣ ਲੱਗਾ ਹੈ, ਨੀਂਹ ਰੱਖਣ ਵੇਲੇ ਪਹਿਲਾਂ ਅਰਦਾਸਿ ਕਰੇ। ਹਰੇਕ ਦੁਖੁ ਸੁਖ ਵੇਲੇ ਸਿੱਖ ਅਰਦਾਸਿ ਕਰੇ। ਜਦੋਂ ਕੋਈ ਰੋਗ ਆਦਿਕ ਬਿਪਤਾ ਪ੍ਰਭੂ ਦੀ ਮਿਹਰ ਨਾਲ ਦੂਰ ਹੁੰਦੀ ਹੈ, ਤਦੋਂ ਭੀ ਸਿੱਖ ਸ਼ੁਕਰਾਨੇ ਵਜੋਂ ਅਰਦਾਸਿ ਕਰੇ। ਕੀ ਇਹ ਸਾਰਾ ਉੱਦਮ ਗੁਰਮਤਿ ਦੇ ਵਿਰੁੱਧ ਹੈ? ਬਾਣੀ ਵਿਚ ਹੁਕਮ ਤਾਂ ਇਹੀ ਹੈ:-

ਕੀਤਾ ਲੋੜੀਐ ਕੰਮੁ, ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ, ਸਤਿਗੁਰ ਸਚੁ ਸਾਖੀਐ ॥20॥ {ਸਿਰੀ ਰਾਗ ਕੀ ਵਾਰ